# ਪਟਵਾਰੀਆਂ ਦੀ ਭਰਤੀ ਸਬੰਧੀ : ਕਾਉਸਲਿੰਗ ਨੋਟਿਸ

ਨੰ: ਲ-2/1090/ 672 ਮਿਤੀ 09-06-2022

ਇਸ ਦਫਤਰ ਦੇ ਪੱਤਰ ਨੰ. ਲ-2/1090/4917 ਮਿਤੀ 01-06-2022 ਦੀ ਲਗਾਤਾਰਤਾ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 07-06-2022, 08-06-2022, 09-06-2022 ਨੂੰ 974 ਮਾਲ ਪਟਵਾਰੀਆਂ ਦੀਆਂ ਆਸਾਮੀਆਂ ਲਈ ਚੁਣੇ ਗਏ ਯੋਗ ਉਮੀਦਵਾਰਾਂ ਦੀ ਕਾਉਸਲਿੰਗ ਕਰਵਾਈ ਗਈ ਸੀ। ਇਨ੍ਹਾਂ ਮਿਤੀਆਂ ਨੂੰ ਕਾਉਸਲਿੰਗ ਦੌਰਾਨ ਗੈਰ-ਹਾਜ਼ਰ ਹੋਏ ਉਮੀਦਵਾਰਾਂ ਨੂੰ ਇੱਕ ਹੋਰ ਆਖਰੀ ਮੌਕਾ ਦਿੱਤਾ ਜਾਂਦਾ ਹੈ।

ਹੁਣ ਗੈਰ-ਹਾਜਰ ਹੋਏ ਉਮੀਦਵਾਰਾਂ ਨੂੰ ਜਿਲ੍ਹੇ ਦੀ ਵੰਡ/ਅਲਾਟਮੈਂਟ ਕਰਨ ਲਈ ਦਫਤਰ **ਡਾਇਰੈਕਟਰ ਭੌਂ ਰਿਕਾਰਡ, ਪੰਜਾਬ, ਕਪੂਰਥਲਾ ਰੋਡ, ਜਲੰਧਰ** ਵਿਖੇ ਹੇਠ ਲਿਖੇ ਅਨੁਸਾਰ ਸ਼ਡਿਊਲ ਨਿਸ਼ਚਤ ਕੀਤਾ ਜਾਂਦਾ ਹੈ:-

| ਮਿਤੀ | ਲਿੰਗ | ਕੈਟਾਗਿਰੀ | ਲਿੰਕ |
|---|---|---|---|
| 15-06-2022<br>**ਸਮਾਂ:-ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ** | ਔਰਤਾਂ | ਸਮੂਹ ਕੈਟਾਗਿਰੀ ਨਾਲ ਸਬੰਧਤ | ਯੋਗ ਉਮੀਦਵਾਰਾਂ ਦੀ ਸੂਚੀ ਵਿਭਾਗ ਦੀ ਵੈਬ-ਸਾਈਟ ਤੇ ਪਾਈ ਗਈ ਹੈ। |
| 15-06-2022<br>**ਸਮਾਂ: ਦੁਪਹਿਰ 01:00 ਵਜੇ ਤੋਂ 5:00 ਵਜੇ ਤੱਕ** | ਮਰਦ | ਸਮੂਹ ਕੈਟਾਗਿਰੀ ਨਾਲ ਸਬੰਧਤ | |

ਨੋਟ: 1. ਵਿਭਾਗ ਦੀ ਵੈਬ-ਸਾਈਟ www.plrs.org.in ਅਤੇ www.revenue.punjab.gov.in ਵਾਚੀ ਜਾਵੇ।

2. ਨਿਸ਼ਚਿਤ ਮਿਤੀਆਂ ਨੂੰ ਬੁਲਾਏ ਗਏ ਯੋਗ ਉਮੀਦਵਾਰ ਆਪਣੀਆਂ ਗੱਡੀਆਂ ਸਪੋਰਟਸ ਕਾਲਜ, ਕਪੂਰਥਲਾ ਰੋਡ, ਜਲੰਧਰ ਵਿਖੇ ਪਾਰਕਿੰਗ ਵਿਚ ਲਗਾ ਕੇ ਸਪੋਰਟਸ ਸਕੂਲ, ਜਲੰਧਰ ਰਾਹੀਂ ਦਫਤਰ ਵਿਖੇ ਦਾਖਲ ਹੋਣਗੇ।

3. ਦਫਤਰ ਵਿਖੇ ਕੇਵਲ ਯੋਗ ਉਮੀਦਵਾਰ ਨੂੰ ਹੀ ਦਾਖਲ ਹੋਣ ਦੀ ਆਗਿਆ ਹੋਵੇਗੀ।

4. ਗੈਰ-ਹਾਜ਼ਰ ਜਾਂ ਸਮੇਂ ਸਿਰ ਨਾ ਪਹੁੰਚਣ ਵਾਲੇ ਉਮੀਦਵਾਰਾਂ ਦੀ ਜਗ੍ਹਾ ਤੇ ਹੋਰ ਯੋਗ ਉਮੀਦਵਾਰ ਨੂੰ ਜ਼ਿਲਾ ਅਲਾਟ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਹੋਰ ਕੋਈ ਮੌਕਾ ਕਾਉਸਲਿੰਗ ਵਾਸਤੇ ਨਹੀਂ ਦਿੱਤਾ ਜਾਵੇਗਾ।

5. ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਮੋਬਾਇਲ ਨੰਬਰ 98554-24683, 98143-28452 ਅਤੇ 87279-00733 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਡਾਇਰੈਕਟਰ ਭੌਂ ਰਿਕਾਰਡ, ਪੰਜਾਬ।